ਭਗੌੜਾ 1000 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ

ਭਿੱਖੀਵਿੰਡ ਖਾਲੜਾ, ਮਈ ਸੰਧੂ, ਗੁਰਮੀਤ ਸੋਢੀ)- ਥਾਣਾ ਭਿੱਖੀਵਿੰਡ ਦੀ ਪੁਲਸ ਵੱਲੋਂ ਸਾਲ 2017 ਦੇ ਮੁਕੱਦਮੇ ਵਿੱਚ ਪੀ. ਓ. ਚੱਲ ਰਹੇ ਦੋਸ਼ੀ ਕੋਲ 1000 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕੀਤਾ ਕਾਬੂ। ਧਰੂਮਨ ਐੱਚ ਨੇਸਲੇ ਐੱਸ. ਐੱਸ. ਪੀ. ਤਰਨਤਾਰਨ ਵੱਲੋਂ ਮਾੜੇ ਅਨਸਰਾਂ ਖਿਲਾਫ ਵਿੱਢੀ ਮੁਹਿੰਮ ਤਹਿਤ ਸਿੰਘ ਆਈ. ਪੀ. ਐੱਸ ਐੱਸ. ਪੀ. ਇਨਵੈਸਟੀਗੇਸ਼ਨ ਤਰਨਤਾਰਨ ਅਤੇ ਰਾਜਬੀਰ ਸਿੰਘ ਪੀ. ਪੀ. ਐੱਸ ਡੀ. ਐੱਸ. ਪੀ. ਸਬ-ਡਵੀਜਨ ਭਿੱਖੀਵਿੰਡ ਦੀ ਨਿਗਰਾਨੀ ਹੇਠ ਇੰਸਪੈਕਟਰ ਲਖਵਿੰਦਰ ਸਿੰਘ ਮੁੱਖ ਅਫਸਰ ਥਾਣਾ ਭਿੱਖੀਵਿੰਡ ਵੱਲੋਂ ਮਾੜੇ ਅਨਸਰਾਂ ਨੂੰ ਨੱਥ ਪਾਉਣ ਲਈ ਇਲਾਕੇ ਵਿੱਚ ਵੱਖ-ਵੱਖ ਟੀਮਾਂ ਬਣਾ ਕੇ ਭੇਜੀਆਂ ਗਈਆਂ ਸਨ ਜਿਸ ਪਰ ਐੱਸ. ਆਈ. ਪੋਨਾ ਲਾਲ ਸਮੇਤ ਪੁਲਸ ਪਾਰਟੀ ਗਸ਼ਤ/ਤਲਾਸ਼ ਤੇ ਭਾਰਤ ਭਿੱਖੀਵਿੰਡ ਤੋਂ ਪਿੰਡ ਸੁਰਸਿੰਘ ਨੂੰ ਜਾ ਰਹੇ ਸੀ। ਜਦੋਂ ਪੁਲਸ ਪਾਰਟੀ ਅੱਡਾ ਸੁਰਸਿੰਘ ਤੋਂ ਥੋੜਾ ਪਿੱਛੇ ਪੁੱਜੀ ਤਾਂ ਇੱਕ ਮੋਨਾ ਨੌਜਵਾਨ ਲਾਗੇ ਖਾਲੀ ਪਲਾਟ ਵਿੱਚੋਂ ਨਿਕਲਣ ਫਿਰਾ ਸੀ, ਜੋ ਪੁਲਸ ਪਾਰਟੀ ਨੂੰ ਵੇਖ ਕੇ ਘਬਰਾ ਕੇ ਪਿੱਛੇ ਨੂੰ ਖਿਸਕਣ ਲੱਗਾ। ਕਾਬੂ ਕਰਨ 'ਤੇ ਉਸਨੇ ਆਪਣਾ ਨਾਮ ਲਖਵਿੰਦਰ ਸਿੰਘ ਉਰਫ ਵਿੱਕੀ ਪੁੱਤਰ ਅਜੀਤ ਸਿੰਘ ਵਾਸੀ ਪੱਤੀ ਮਾਣੇਕੀ ਸੁਰਸਿੰਘ ਦੱਸਿਆ। ਤਲਾਸ਼ੀ ਹਸਬ ਜ਼ਾਬਤਾ ਅਨੁਸਾਰ ਅਮਲ ਵਿੱਚ ਲਿਆਂਦੀ ਜਿਸ ਤਹਿਤ ਉਸ ਕੋਲੋਂ 1000 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਮੁਕੱਦਮਾ ਨੰਬਰ 64 ਮਿਤੀ 17- 06-2021 ਜੁਰਮ 22/61/85 ਐੱਨ.ਡੀ.ਪੀ.ਐੱਸ. ਐਕਟ ਥਾਣਾ ਭਿੱਖੀਵਿੰਡ ਦਰਜ ਰਜਿਸਟਰ ਕਰਕੇ ਅਗਲੀ ਤਫਤੀਸ਼ ਅਮਲ ਵਿੱਚ ਲਿਆਂਦੀ ਗਈ। ਦੋਰਾਨੇ ਤਫਤੀਸ਼ ਇਹ ਗੱਲ ਸਾਹਮਣੇ ਆਈ ਕਿ ਉਕਤ ਦੋਸ਼ੀ ਲਖਵਿੰਦਰ ਸਿੰਘ 'ਤੇ ਸਾਲ 2017 ਵਿੱਚ ਮੁਕੱਦਮਾ ਨੰਬਰ 291/17 ਜੁਰਮ 22/61/85 ਐੱਨ. ਡੀ. ਪੀ. ਐੱਸ ਐਕਟ ਤਹਿਤ ਥਾਣਾ ਭਿੱਖੀਵਿੰਡ ਦਰਜ ਰਜਿਸਟਰ ਹੋਇਆ ਸੀ ਜੋ ਉਕਤ ਦੋਸ਼ੀ ਪਾਸੋਂ 1000 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ ਸਨ ਜਿਸ ਵਿੱਚ ਉਕਤ ਦੋਸ਼ੀ ਲਖਵਿੰਦਰ ਸਿੰਘ ਨੂੰ ਗ੍ਰਿਫਤਾਰ ਕਰਕੇ 174-ਏ ਜ਼.ਫ਼.ਸ ਤਹਿਤ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ। ਦੋਸ਼ੀ ਨੂੰ ਪੇਸ਼ ਅਦਾਲਤ ਕਰਕੇ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ। ਦੋਰਾਨੇ ਪਿਮੰਡ ਹੋਰ ਵੀ ਕਾਫੀ ਵੱਡੇ ਖੁਲਾਸੇ ਹੋਣ ਦੀ ਸੰਭਾਵਨਾ ਹੈ।

ਟੀਚਰਾਂ 'ਤੇ ਹੋਏ ਲਾਠੀਚਾਰਜ ਦੀ ਘੋਰ ਨਿਖੇਧੀ

ਪੱਟੀ, (ਸ਼ਮਸ਼ੇਰ ਸਿੰਘ ਘੋਧਾ, ਬਲਦੇਵ ਸਿੰਘ ਸੰਧੂ)-ਬੀਤੇ ਦਿਨੀਂ ਪਟਿਆਲਾ ਵਿਖੇ ਰੁਜ਼ਗਾਰ ਮੰਗਦੇ ਈਟੀਟੀ. ਟੈਟ ਪਾਸ ਬੇਰੁਜ਼ਗਾਰ ਅਧਿਆਪਕਾਂ 'ਤੇ ਭਾਰੀ ਲਾਠੀਚਾਰਜ ਅਤੇ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦੀ ਈਟੀਟੀ ਟੀਚਰ ਯੂਨੀਅਨ ਤਰਨਤਾਰਨ ਦੇ ਜ਼ਿਲ੍ਹਾ ਪ੍ਰਧਾਨ ਮਾਸਟਰ ਸੜਨਾਮ ਸਿੰਘ ਸਿੱਧੂ, ਪੰਜਾਬ ਸੁਬਾਰਡੀਨੇਟ ਸਰਵਿਸ ਫੈਡਰੇਸ਼ਨ ਦੇ ਪੱਟੀ ਬਲਾਕ ਪ੍ਰਧਾਨ ਜੋਗਾ ਸਿੰਘ ਨੇ ਕਿਹਾ ਕਿ ਕੈਪਟਨ ਸਰਕਾਰ ਕਰਕੇ ਉਨ੍ਹਾਂ ਦੀ ਰੋਜ਼ੂਲਰ ਭਰਤੀ ਦਾ ਪ੍ਰਬੰਧ ਕਰੇ ਨਾ ਕਿ ਨੌਜਵਾਨਾਂ ਨੂੰ ਟਾਵਰਾਂ 'ਤੇ ਚੜ੍ਹਾ ਕੇ ਮੌਤ ਦੇ ਮੂੰਹ ਵੱਲ ਧੱਕੇ। ਇਸ ਮੌਕੇ ਪ.ਸ.ਸ.ਫ. ਦੇ ਸੂਬਾ ਆਗੂ ਸਰਬਜੀਤ ਸਿੰਘ, ਰਾਜ ਸਿੰਘ, ਬਲਵੰਤ ਰਾਏ, ਗੁਰਵੇਲ ਸਿੰਘ, ਸੁਖਜਿੰਦਰ ਸਿੰਘ, ਗੁਰਦੇਵ ਸਿੰਘ, ਜੋਗ ਸਿੰਘ, ਓਮ ਪ੍ਰਕਾਸ਼, ਗੁਰਮੀਤ ਮਸੀਹ, ਕੁਲਵੰਤ ਸਿੰਘ ਆਦਿ ਹਾਜ਼ਰ ਸਨ।

ਹੈੱਲਥ ਵੈੱਲਨੈੱਸ ਸੈਂਟਰ ਮਰਹਾਣਾ ਵਿਖੇ ਮਲੇਰੀਆ ਜਾਗਰੂਕਤਾ ਕੈਂਪ

ਹਰੀਕੇ/ਚੋਹਲਾ ਸਾਹਿਬ, (ਰਮਨ ਚੱਢਾ, ਖਾਲਸਾ)- ਸਵਲ ਸਰਜਨ ਡਾ: ਰੋਹਿਤ ਮਹਿਤਾ ਅਤੇ ਸਹਾਇਕ ਮਲੇਰੀਆ ਅਫਸਰ ਕੰਵਲ ਬਲਰਾਜ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਡਾ: ਜਤਿੰਦਰ ਸਿੰਘ ਗਿੱਲ ਸੀਨੀਅਰ ਮੈਡੀਕਲ ਅਫਸਰ ਇੰ:ਸੀ.ਐੱਚ.ਸੀ. ਸਰਹਾਲੀ ਦੀ ਯੋਗ ਰਹਿਨੁਮਾਈ ਹੇਠ ਹੈਲਥ ਵੈੱਲਨੈੱਸ ਸੈਂਟਰ ਮਰਹਾਣਾ ਵਿਖੇ ਸੈਕਟਰ ਪੱਧਰ ਦਾ ਮਲੇਰੀਆ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਸਮੇਂ ਐੱਸ. ਆਈ. ਸਤਨਾਮ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮਲੇਰੀਆ-ਬੁਖਾਰ ਮਾਦਾ ਅੰਨੋਫਲੀਜ਼ ਮੱਛਰ ਦੇ ਕੱਟਣ ਨਾਲ ਹੁੰਦਾ ਹੈ ਜੋ ਕਿ ਸਾਫ ਖੜ੍ਹੇ ਪਾਣੀ ਵਿੱਚ ਪੈਦਾ ਹੁੰਦਾ ਅਤੇ ਪਨਪਦਾ ਹੈ।

ਇਸ ਲਈ ਸਾਨੂੰ ਡਿਆਨਕ ਬਿਮਾਰੀਆਂ ਤੋਂ ਬਚਣ ਲਈ ਆਪਣਾ ਆਲਾ-ਦੁਆਲਾ ਸਾਫ ਸੁਥਰਾ ਰੱਖਣਾ ਚਾਹੀਦਾ ਹੈ ਅਤੇ ਟੋਇਆਂ ਨੂੰ ਮਿੱਟੀ ਨਾਲ ਭਰ ਦੇਣਾ ਚਾਹੀਦਾ ਹੈ ਤਾਂ ਜੋ ਪਾਣੀ ਖੜ੍ਹ ਨਾ ਸਕੇ। ਉਨ੍ਹਾਂ ਕਿਹਾ ਕਿ ਤੇਜ਼ ਬੁਖਾਰ, ਸਿਰ ਦਰਦ, ਤਰੇਲੀਆਂ ਅਤੇ ਜੀਅ ਮਚਲਨਾ ਇਸਦੇ ਮੁੱਖ ਲੱਛਣ ਹਨ। ਹੈਲਥ ਵਰਕਰ ਰਾਜੀਵ ਕੁਮਾਰ ਭਗਤ ਨੇ ਦੱਸਿਆ ਕਿ ਕਿਸੇ ਵੀ ਸਕਰ ਤੇਜ਼ ਬੁਖਾਰ, ਖਾਂਸੀ, ਨਜ਼ਲਾ, ਜ਼ੁਕਾਮ ਅਤੇ ਹੋ ਜਾਵੇ ਤਾਂ ਤੁਰੰਤ ਨੇੜੇ ਦੇ ਸਿਹਤ ਕੇਂਦਰ ਵਿੱਚ ਪਹੁੰਚ ਕੇ ਆਪਣੀ ਜਾਂਚ ਕਰਵਾਉਣੀ ਚਾਹੀਦੀ ਹੈ। ਇਸ ਸਮੇਂ ਡਾਇਰੰਦ ਸਿੰਘ ਵਾਰਮੇਸੀ ਅਫਸਰ, ਨਵਨੀਤ ਕੌਰ ਸੀ. ਐੱਚ. ਓ, ਲਖਵਿੰਦਰ ਕੌਰ ਸੀ. ਐੱਨ. ਐੱਮ, ਬਲਜੀਤ ਸਿੰਘ ਦਰਜਾਚਾਰ ਅਤੇ ਆਸ਼ਾ ਵਰਕਰਜ਼ ਆਦਿ ਹਾਜ਼ਰ ਸਨ।

ਹੋਣਹਾਰ ਬੱਚਿਆਂ ਦੀ ਕੀਤੀ ਹੌਸਲਾ-ਅਫਜ਼ਾਈ

ਝਬਾਲ, (ਹਰਜਿੰਦਰ ਸਿੰਘ ਸੋਨੀ)-ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀ. ਸੈਕੰ ਪਬਲਿਕ ਸਕੂਲ ਝਬਾਲ ਦੇ ਬੱਚਿਆਂ ਨੇ ਨਵੰਬਰ 2019 ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਲਏ ਗਏ ਧਾਰਮਿਕ ਪ੍ਰੀਖਿਆ ਵਿੱਚ ਵਜ਼ੀਫੇ ਪ੍ਰਾਪਤ ਕੀਤੇ ਸਨ ਜੋ 17 ਜੂਨ 2021 ਨੂੰ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਬੱਚਿਆਂ ਨੂੰ ਮਾਪਿਆਂ ਸਮੇਤ ਦੀਵਾਨ ਹਾਲ ਮੰਜੀ ਸਾਹਿਬ, ਅੰਮ੍ਰਿਤਸਰ ਵਿਖੇ ਬੁਲਾ ਕੇ ਪੁਰਾਨ ਕੀਤੇ। ਗੁਰਸਿਮਰਜੀਤ ਕੌਰ ਔਲਜ ਦਰਜਾ ਨੌਵਾਂ ਅਤੇ ਸਿਮਰਨਜੀਤ ਕੌਰ ਦੂਜਾ ਦਰਜਾ ਨੌਵਾਂ 2100 ਰੁਪਏ ਵਜ਼ੀਫਾ ਪ੍ਰਾਪਤ ਕੀਤਾ ਸਕੂਲ ਦੇ ਪ੍ਰਿੰਸੀ: ਉਰੀਮਿੰਦਰ ਕੌਰ ਨੇ ਬੱਚਿਆਂ ਨੂੰ ਵਧਾਈ ਦੇਂਦਿਆਂ ਭਵਿੱਖ ਵਿੱਚ ਹੋਰ ਜ਼ਿਆਦਾ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਦੇ ਮੈਂਬਰ ਦਿੰਚਰਜਜ਼ ਮਨਜੀਤ ਸਿੰਘ ਢਿੱਲੋਂ, ਤਜਿੰਦਰਪਾਲ ਸਿੰਘ ਅਤੇ ਗੁਰਪ੍ਰੀਤ ਸਿੰਘ ਸੋਨੀ ਨੇ ਕਿਹਾ ਕਿ ਗੁਰਬਾਣੀ ਅਤੇ ਗੁਰ ਇਤਿਹਾਸ ਨੂੰ ਪੜ੍ਹਨਾ ਤੇ ਸਮਝਣਾ ਸਮੇਂ ਦੀ ਮੁੱਖ ਲੋੜ ਹੈ।

ਅਣਚਾਹੇ ਬੱਚਿਆਂ ਨੂੰ ਮਾਨਵਤਾ ਪੰਘੂੜੇ 'ਚ ਪਾਓ : ਡਾ. ਪਰੂਥੀ

ਸ੍ਰੀ ਮੁਕਤਸਰ ਸਾਹਿਬ, (ਸ਼ਮਿਲਦਾਪਲ/ਕੁਲਭੂਸ਼ਨ ਰਾਵਲਾ)-ਡਾਇਰੈਕਟਰ ਸਮਾਜਿਕ ਸਿੱਖਿਆ ਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਚੰਡੀਗੜ੍ਹ ਵੱਲੋਂ ਸਟੇਟ ਅਡਾਪਸ਼ਨ ਰਿਸੋਰਸ ਅਥਾਰਟੀ ਦੇ ਪ੍ਰੋਗਰਾਮ ਮੋਨੇਜਰ ਸ਼ੈਲੀ ਮਿੱਤਲ ਦੀ ਅਗਵਾਈ ਹੇਠ ਪੰਜਾਬ ਵਿੱਚ ਅਣਚਾਹੇ, ਅਣਗੌਲੇ, ਬੇਸਹਾਰਾ ਤੇ ਲਵਾਰਿਸ ਬੱਚਿਆਂ ਲਈ ਚਾਇਲਡ ਕੇਅਰ ਸੰਸਥਾਵਾਂ ਦੀ ਸਥਾਪਨਾ ਕੀਤੀ ਗਈ ਹੈ, ਜੋ ਕਿ ਲੰਮੇ ਸਮੇਂ ਤੋਂ ਸੁਚੱਜੇ ਤੇ ਯੋਜਨਾਬੰਦ ਤਰੀਕੇ ਨਾਲ ਚੱਲ ਰਹੀ ਹੈ। ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਲਗਭਗ 28 ਪੰਘੂੜੇ ਸਥਾਪਤ ਕੀਤੇ ਗਏ ਹਨ। ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਭਾਵੇਂ ਬਹੁਤ ਛੋਟਾ ਜ਼ਿਲ੍ਹਾ ਹੈ, ਪਰ ਇਹ ਪਹਿਲਾ ਜ਼ਿਲ੍ਹਾ ਹੈ, ਜਿਸ ਵਿੱਚ ਇੱਥੋਂ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਮਾਨਵਤਾ ਭਾਊਂਡੇਸ਼ਨ ਵੱਲੋਂ ਸਥ ਡਵੀਜ਼ਨ ਪੱਧਰ 'ਤੇ ਤਿੰਨ ਪੰਘੂੜੇ ਲਾ ਕੇ ਮਾਨਵਤਾ ਪੰਘੂੜਾ ਸੇਵਾ ਸ਼ੁਰੂ ਕੀਤੀ ਗਈ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਸੰਸਥਾ ਮਾਨਵਤਾ ਫਾਊਂਡੇਸ਼ਨ ਦੇ ਚੇਅਰਮੇਨ ਡਾ. ਨਰੇਸ਼ ਪਰੂਥੀ ਨੇ ਦੱਸਿਆ ਕਿ ਇਹ ਪੰਘੂੜੇ ਲਗਾਉਣ ਕਾਰਨ ਹੁਣ ਤੱਕ ਇਸ ਸੰਸਥਾ ਵੱਲੋਂ ਲਗਭਗ 15 ਲੜਕੇ ਤੇ ਲੜਕੀਆਂ ਦੀਆਂ ਜਾਨਾਂ ਬਚਾ ਕੇ ਉਨ੍ਹਾਂ ਨੂੰ ਸੰਟਰਲ/ਸਟੇਟ ਅਡਾਪਸ਼ਨ ਰਿਸੋਰਸ ਅਥਾਰਟੀ ਤੇ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਦੇ ਸਹਿਯੋਗ ਨਾਲ ਸੁਰਰਤਮੰਦ ਤੇ ਯੋਗ ਪਰਿਵਾਰਾਂ ਨੂੰ ਗੋਦ ਦੇ ਉਨ੍ਹਾਂ ਦਾ ਭਵਿੱਖ ਸੁਨਹਿਰੀ ਬਣਾਉਣ ਵਿੱਚ ਕਾਮਯਾਬੀ ਹਾਸਿਲ ਕੀਤੀ ਹੈ, ਪ੍ਰੰਤੂ ਅਜੇ ਵੀ ਕੁਝ ਮਾਂ-ਬਾਪ ਸਮਾਜਿਕ, ਨਿੱਜੀ ਤੇ ਵਿੱਤੀ ਸਮਬੂਗੀਆਂ ਕਾਰਨ ਬੱਚਿਆਂ ਦਾ ਪਾਲਣ ਪੋਸ਼ਣ ਨਹੀਂ ਕਰ ਸਕਦੇ ਅਤੇ ਉਨ੍ਹਾਂ ਨੂੰ ਮਾਰਨ ਜਾਂ ਸੁੱਟਣ ਲਈ ਮਜਬੂਰ ਹੋ ਜਾਂਦੇ ਹਨ, ਜਿਸ ਨਾਲ ਇਨ੍ਹਾਂ ਬੱਚਿਆਂ ਨਾਲ ਸ਼ੋਸ਼ਣ, ਅਗਵਾ ਹੋਣ ਤੇ ਖਰੀਦੋ ਵਰੇਖਤ ਆਦਿ ਦੀਆਂ ਘਟਨਾਵਾਂ ਵਾਪਰਦੀਆਂ ਹਨ ਅਤੇ ਕਈ ਵਾਰ ਤਾਂ ਇਸ ਤਰ੍ਹਾਂ ਦੇ ਨਵਜੰਮੇ ਬੱਚਿਆਂ ਨੂੰ ਕੁੱਤਿਆਂ ਤੇ ਹੋਰ ਜਾਨਵਰਾਂ ਵੱਲੋਂ ਨੋਚ-ਨੋਚ ਕੇ ਖਾਧਾ ਜਾਂਦਾ ਹੈ। ਡਾ. ਪਰੂਥੀ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਜੇਕਰ ਤੁਹਾਡੀ ਕੋਈ ਮਜਬੂਰੀ ਹੈ ਤਾਂ ਬੱਚਿਆਂ ਨੂੰ ਸੁੱਟਣ ਦੀ ਬਜਾਏ ਉਦੇਕਰਨ ਰੋਡ ਮਾਡਲ ਟਾਊਨ ਸ੍ਰੀ ਮੁਕਤਸਰ ਸਾਹਿਬ ਵਿਖੇ ਮਾਨਵਤਾ ਬਾਲ ਆਸ਼ਰਮ ਦੇ ਬਾਹਰ, ਸਿਵਲ ਹਸਪਤਾਲ ਮਲੋਟ ਦੇ ਬਾਹਰ ਤੇ ਸਿਵਲ ਹਸਪਤਾਲ ਗਿੱਦੜਬਾਹਾ ਦੇ ਬਾਹਰ ਰੱਖੀ ਪੰਘੂੜੇ ਵਿੱਚ ਪਾਓ। ਜੇਕਰ ਤੁਸੀਂ ਆਪਣਾ ਅਣਚਾਹਿਆ ਬੱਚਾ ਮਾਨਵਤਾ ਪੰਘੂੜੇ ਵਿੱਚ ਪਾਉਂਦੇ ਹੋ ਤਾਂ ਸਰਕਾਰ ਦੇ ਨਿਯਮਾਂ ਮੁਤਾਬਕ ਤੁਹਾਡੀ ਪਹਿਚਾਣ ਪੂਰਨ ਤੌਰ 'ਤੇ ਗੁਪਤ ਰੱਖੀ ਜਾਵੇਗੀ। ਜੇਕਰ ਕੋਈ ਮਾਂ-ਬਾਪ ਆਪਣਾ ਅਣਚਾਹਿਆ ਤੇ ਅਣਗੌਲਿਆ ਬੱਚਾ ਪੰਘੂੜੇ ਵਿੱਚ ਪਾਉਣ ਵਿੱਚ ਅਸਮਰੱਥ ਹੋ ਤਾਂ ਉਹ ਸਾਡੀ ਸੰਸਥਾ ਨੂੰ 84276-79015 ਤੇ ਸੰਪਰਕ ਕਰਕੇ ਸਪੁਰਦ ਕਰ ਸਕਦਾ ਹੈ, ਕਿਉਂਕਿ ਬੱਚਿਆਂ ਦੀ ਖਰੀਦੋ ਫਰੋਖਤ ਗੈਰ-ਕਾਨੂੰਨੀ ਤੇ ਸਜ਼ਾਯੋਗ ਅਪਰਾਧ ਹੈ।

ਬਾਬਾ ਨਾਨਕ ਦੀ ਰਸੋਈ ਦਾ ਸ਼ੁਭ ਮਹੂਰਤ ਭਾਈ ਗੁਰਇਕਬਾਲ ਸਿੰਘ ਵੱਲੋਂ

ਅੰਮ੍ਰਿਤਸਰ, (ਸਸਬੀਰ ਸਿੰਘ ਪੱਟੀ)-ਬਾਬਾ ਦੀਪ ਸਿੰਘ ਚੈਰੀਟੇਬਲ ਟਰੱਸਟ , ਬੀਬੀ ਕੋਲਾਂ ਜੀ ਭਲਾਈ ਕੇਂਦਰ ਟਰੱਸਟ ਭਾਈ ਗੁਰਇਕਬਾਲ ਸਿੰਘ ਜੀ ਭਾਈ ਅਮਰਜੀਤ ਸਿੰਘ ਵੱਲੋਂ ਬਾਬਾ ਨਾਨਕ ਜੀ ਦੀ ਚਲਦੀ-ਫਿਰਦੀ ਰਸੋਈ ਦਾ ਭਲਾਈ ਕੇਂਦਰ ਵਿਖੇ ਸੰਗਤਾਂ ਨੇ ਸੇਵਾਰਿਆਂ ਦੀ ਗੂੰਜ ਨਾਲ ਸ਼ੁੱਭ ਆਰੰਭ ਕੀਤਾ।

ਇਸ ਮੌਕੇ ਭਾਈ ਗੁਰਇਕਬਾਲ ਸਿੰਘ, ਭਾਈ ਅਮਰਜੀਤ ਸਿੰਘ ਨੇ ਦੱਸਿਆ ਕਿ ਬਾਬਾ ਦੀਪ ਸਿੰਘ ਚੈਰੀਟੇਬਲ ਟਰੱਸਟ ਬਾਬਾ ਨਾਨਕ ਦੀ ਚਲਦੀ ਫਿਰਦੀ ਰਸੋਈ (ਗੁਰੂ ਕਾ ਲੰਗਰ) ਤਹਿਤ ਵਿਸ਼ੇਸ਼ ਤੌਰ 'ਤੇ ਸਰਕਾਰੀ ਹਸਪਤਾਲਾਂ ਵਿੱਚ ਮਰੀਜ਼ਾਂ ਦੇ ਨਾਲ ਆਏ ਪਰਿਵਾਰਾਂ ਜਾਂ ਹੋਰ ਰਿਸ਼ਤੇਦਾਰਾਂ ਲਈ ਗੁਰੂ ਕੇ ਲੰਗਰ ਵਰਤਾਉਣ ਦੀ ਸੇਵਾ ਹੋਵੇਗੀ। ਇਸ ਤੋਂ ਇਲਾਵਾ ਸਰਾਵਾਂ ਜਾਂ ਲੋੜ ਪੈਣ 'ਤੇ ਹੋਰ ਅਸਥਾਨਾਂ 'ਤੇ ਮਿੱਥੇ ਸਮੇਂ ਅਨੁਸਾਰ ਲੰਗਰ ਵਰਤਾਉਣ ਦੀ ਸੇਵਾ ਕੀਤੀ ਜਾਵੇਗੀ। ਭਾਈ ਸਾਹਿਬ ਨੇ ਦੱਸਿਆ ਕਿ ਬਾਬੇ ਨਾਨਕ ਦੀ ਚਲਦੀ ਫਿਰਦੀ ਰਸੋਈ ਇਹ ਸੇਵੀ ਇਸ ਵਿਸ਼ੇਸ਼ ਗੱਡੀ ਵਿੱਚ ਤਿਆਰ ਕੀਤੀ ਗਈ ਹੈ। ਇਸ ਗੱਡੀ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿੱਚ ਗੁਰੂ ਕਾ ਲੰਗਰ ਹਰ ਵੇਲੇ ਤਾਜ਼ਾ ਮਿਲੇਗਾ । ਭਾਈ ਸਾਹਿਬ ਨੇ ਇਹ ਵੀ ਦੱਸਿਆ ਕਿ ਬਾਬੇ ਨਾਨਕ ਵੱਲੋਂ ਵੀਹ ਰੁਪਏ ਦੇ ਚਲਾਏ ਲੰਗਰ ਦੀਆਂ ਹੀ ਬਰਕਤਾਂ ਹਨ ਕਿ ਬਾਬੇ ਨਾਨਕ ਦੀ ਚਲਦੀ ਫਿਰਦੀ ਰਸੋਈ ਰਾਹੀਂ ਸੰਗਤਾਂ ਦੀ ਗੁਰੂ ਕੇ ਲੰਗਰ ਨਾਲ ਸੇਵਾ ਕੀਤੀ ਜਾਵੇ ।

ਬੁਢਾਪੇ ਦੀ ਸੰਭਾਲ ਲਈ ਹੈੱਲਥ ਇੰਸ਼ੋਰੈਂਸ ਪਲਾਨ 'ਤੇ ਅਮਲ ਜ਼ਰੂਰੀ

ਲੁਧਿਆਣਾ-ਦੇਸ਼ ਵਿੱਚ ਜ਼ਿਆਦਾਤਰ ਬਜ਼ੁਰਗ ਲੋਕ ਹੈਲਥ ਇੰਸ਼ੋਰੈਂਸ ਪਲਾਨ ਦੇ ਤਹਿਤ ਕਵਰਡ ਨਹੀਂ ਹਨ। ਇਕ ਪਰਿਵਾਰ ਵਿੱਚ ਪਿਤਾ ਆਪਣੇ ਪੂਰੇ ਪਰਿਵਾਰ, ਵਿਸ਼ੇਸ਼ ਰੂਪ 'ਚ ਆਪਣੇ ਬੱਚਿਆਂ ਦੀ ਸੁਰੱਖਿਆ ਦੀ ਜ਼ਿੰਮੇਦਾਰੀ ਸੰਭਾਲਦੇ ਹਨ ਪਰ ਉਹ ਆਪਣੇ ਆਪ ਉੱਤੇ ਧਿਆਨ ਨਹੀਂ ਦਿੰਦੇ ਅਤੇ ਆਪਣੇ ਲਈ ਸਮਾਂ ਰਹਿੰਦੇ ਹੈਲਥ ਇੰਸ਼ੋਰੈਂਸ ਨਹੀਂ ਕਰਵਾਉਂਦੇ। ਹੁਣ ਇਸ ਬਾਰੇ ਲੋਕਾਂ 'ਚ ਜਾਗਰੂਕਤਾ ਬਹੁਤ ਜ਼ਿਆਦਾ ਵੱਧ ਗਈ ਹੈ। ਜਨਰਲ ਇੰਸ਼ੋਰੈਂਸ ਕਾਰੂਪੋਰੇਸ਼ਨ ਦੁਆਰਾ ਜਾਰੀ ਇੱਕ ਰਿਪੋਰਟ ਮੁਤਾਬਕ ਇਸ ਸਾਲ ਮਾਰਚ ਤੱਕ ਸਿਹਤ ਬੀਮੇ ਦੇ ਖੇਤਰ ਵਿੱਚ 13.3 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਅਜੇ ਸ਼ਾਹ ਡਾਇਰੈਕਟਰ ਅਤੇ ਚੀਫ਼ ਗੀਟੇਲ ਸੇਲਸ, ਕੋਅਰ ਹੈਲਥ ਇੰਸ਼ੋਰੈਂਸ ਨੇ ਕਿਹਾ ਕਿ ਕੋਈ ਵੀ ਚੀਜ਼ ਜੋ ਇਸ ਅਨਿਸ਼ਚਿਤ ਸਮੇਂ ਦੌਰਾਨ ਤੁਹਾਡੇ ਅਭਿਡਾਵਾਂਵਾਂ ਨੂੰ ਆਰਥਕ ਸੁਰੱਖਿਆ ਪ੍ਰਦਾਨ ਕਰੇ, ਉਨ੍ਹਾਂ ਨੂੰ ਬਿਨਾਂ ਕਿਸੇ ਸ਼ੱਕ ਦੇ ਸੁਰੱਖਿਅਤ ਰੱਖੇ, ਉਨ੍ਹਾਂ ਦੇ ਲਈ ਸਭ ਤੋਂ ਵਧੀਆ ਉਪਹਾਰ ਹੋਵੇਗਾ। ਸਿਹਤ ਬੀਮਾ ਜ਼ਰੂਰਤ ਪੈਣ ਉੱਤੇ ਚੰਗੇ ਇਲਾਜ ਦੇ ਨਾਲ-ਨਾਲ ਹਸਪਤਾਲ ਦੇ ਬਿੱਲ ਉੱਤੇ ਖਰਚ ਹੋਣ ਵਾਲੀ ਭਾਰੀ ਰਕਮ ਵੀ ਬਚਾਉਂਦਾ ਹੈ । ਵਿਆਪਕ ਪਲਾਨਜ਼ ਵਿੱਚ ਇਸ ਫਾਇਦੇ ਦੇ ਨਾਲ ਆਪਘਸ਼ਨਲ ਏਡ-ਆਨ ਕਵਰਜ਼ ਵੀ